ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 11-09-2025 (27 ਭਾਦੋ ਸੰਮਤ ਨਾਨਕਸ਼ਾਹੀ 557) ਦੇ ਮਤਾ ਨੰਬਰ 799 ਦੀ ਨਕਲ :-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ। ਬਾਬਾ ਬਲਜਿੰਦਰ ਸਿੰਘ ਨੇ ਲੰਮੇ ਸਮੇਂ ਤੱਕ ਰਾੜਾ ਸਾਹਿਬ ਵਿਖੇ ਸੇਵਾ ਨਿਭਾਈ ਅਤੇ ਆਪਣੀ ਜੀਵਨ ਯਾਤਰਾ ਦੌਰਾਨ ਸੰਗਤ ਨੂੰ ਗੁਰੂ ਦੇ ਜਸ ਨਾਲ ਜੋੜਿਆ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਇਕੱਤਰਤਾ ਬਾਬਾ ਬਲਜਿੰਦਰ ਸਿੰਘ ਵੱਲੋਂ ਕੀਤੇ ਪੰਥਕ ਕਾਰਜਾਂ ਦੀ ਸ਼ਲਾਘਾ ਕਰਦੀ ਹੋਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀ ਆਤਮਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 21736(T) ਮਿਤੀ 18-09-2025

ਉਤਾਰਾ: ਸਬੰਧਤਾਂ ਪਾਸ ਇੱਕ ਕਾਪੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 11-09-2025 (27 ਭਾਦੋਂ ਸੰਮਤ ਨਾਨਕਸ਼ਾਹੀ 557) ਦੇ ਮਤਾ ਨੰਬਰ 800 ਦੀ ਨਕਲ :-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਬੀਤੇ ਦਿਨੀ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਅਕਾਲ ਚਲਾਣਾ ਕਰ ਗਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਇਕੱਤਰਤਾ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀਆਂ ਆਤਮਾਵਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 91737 (T)

ਮਿਤੀ 18-09-2025

ਉਤਾਰਾ: ਰਿਕਾਰਡ ਕੀਪਰ ਜੀ, ਟਰੱਸਟ ਵਿਭਾਗ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 11-09-2025 (27 ਭਾਦੋ ਸੰਮਤ ਨਾਨਕਸ਼ਾਹੀ 557) ਦੇ ਮਤਾ ਨੰਬਰ 830 ਦੀ ਨਕਲ :-**

ਪ੍ਰਿੰਸੀਪਲ, ਭਾਈ ਸੰਗਤ ਸਿੰਘ ਖਾਲਸਾ ਕਾਲਜ, ਬੰਗਾ (ਸ਼ਹੀਦ ਭਗਤ ਸਿੰਘ ਨਗਰ) ਵਲੋਂ ਪੱਤਰ ਨੰ:204, ਮਿਤੀ 15-07-2025 ਰਾਹੀਂ ਕਾਲਜ ਵਿਦਿਆਰਥੀ ਅਕਾਸ਼ਦੀਪ ਸਿੰਘ, ਬੀ.ਏ. (ਸਮੈਸਟਰ-II) ਦੁਆਰਾ ਗ੍ਰੈਪਲਿੰਗ (ਰੈਸਲਿੰਗ 71 ਕਿਲੋਗ੍ਰਾਮ ਭਾਰ ਵਰਗ) ਵਰਲਡ ਕੱਪ-2025 (ਕਜਾਕਿਸਤਾਨ) ਵਿੱਚ ਭਾਰਤ ਦੀ ਟੀਮ ਵਜੋਂ ਖੇਡਦਿਆਂ ਕਾਂਸੀ ਮੈਡਲ ਜਿੱਤ ਕੇ ਮਾਤਾ/ਪਿਤਾ, ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਰਤ ਦੇਸ਼ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ ਹੋਣ ਦਾ ਹਵਾਲਾ ਦਿੰਦਿਆਂ ਸਬੰਧਤ ਖਿਡਾਰੀ ਨੂੰ ਬਣਦਾ ਮਾਣ-ਸਨਮਾਨ ਦੇਣ ਲਈ ਕੀਤੀ ਮੰਗ ਸਬੰਧੀ ਦਫਤਰੀ ਰਿਪੋਰਟਾਂ ਅਨੁਸਾਰ ਐਜੂਕੇਸ਼ਨ ਕਮੇਟੀ ਦੇ ਮਤਾ ਨੰ:702, ਮਿਤੀ 16-09-2022 ਵਿੱਚ ਸਨਮਾਨ ਵਜੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਇਨਾਮੀ ਰਾਸ਼ੀ ਦੇਣ ਦੀ ਤਜਵੀਜ਼ ਹੋਣ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਵਿਦਿਆਰਥੀ ਅਕਾਸ਼ਦੀਪ ਸਿੰਘ ਨੂੰ ਵਿੱਦਿਆ ਫੰਡਾਂ ਵਿਚੋਂ 1,00,000/-ਅੱਖਰੀਂ ਇੱਕ ਲੱਖ ਰੁਪਏ ਕੇਵਲ ਇਨਾਮੀ ਰਾਸ਼ੀ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 91768.(T) ਮਿਤੀ 19-09.-2025

ਉਤਾਰਾ:
1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਪ੍ਰਿੰਸੀਪਲ ਜੀ, ਭਾਈ ਸੰਗਤ ਸਿੰਘ ਖਾਲਸਾ ਕਾਲਜ, ਬੰਗਾ (ਸ਼ਹੀਦ ਭਗਤ ਸਿੰਘ ਨਗਰ)

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 11-09-2025 (27 ਭਾਦੋਂ ਸੰਮਤ ਨਾਨਕਸ਼ਾਹੀ 557) ਦੇ ਮਤਾ ਨੰਬਰ 886 ਦੀ ਨਕਲ :-**

ਬੀਬੀ ਰਾਜਵਿੰਦਰ ਕੌਰ (ਸੁਪਤਨੀ ਸ੍ਰ. ਸਰਵਣ ਸਿੰਘ) ਪਿੰਡ ਭੈਲ ਢਾਏ ਵਾਲਾ, ਤਹਿ/ਜ਼ਿਲ੍ਹਾ ਤਰਨ ਤਾਰਨ ਵੱਲੋਂ ਆਪਣੇ ਪਤੀ ਸ੍ਰ. ਸਰਵਣ ਸਿੰਘ (ਸਪੁੱਤਰ ਸ੍ਰ. ਮੇਵਾ ਸਿੰਘ) ਜੋ ਗੁ: ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ (ਤਰਨ ਤਾਰਨ) ਵਿਖੇ ਸੇਵਾਦਾਰ ਬਿਜਲੀ ਵਜੋਂ ਡਿਊਟੀ ਨਿਭਾ ਰਹੇ ਸੀ। ਮਿਤੀ 24-08-2025 ਨੂੰ ਡਿਊਟੀ ਦੌਰਾਨ ਕਰੰਟ ਲੱਗਣ ਕਾਰਨ ਮੌਤ ਹੋ ਜਾਣ ਅਤੇ ਆਮਦਨ ਦਾ ਹੋਰ ਕੋਈ ਸਾਧਨ ਨਾ ਹੋਣ ਦਾ ਹਵਾਲਾ ਦਿੰਦਿਆਂ ਦੋ ਲੱਖ ਰੁਪਏ ਆਰਥਿਕ ਸਹਾਇਤਾ ਲੈਣ ਦੀ ਪੁੱਜੀ ਮੰਗ ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਬੀਬੀ ਰਾਜਵਿੰਦਰ ਕੌਰ (ਸੁਪਤਨੀ ਸ੍ਰ. ਸਰਵਣ ਸਿੰਘ) ਨੂੰ ਧਰਮ ਅਰਥ ਫੰਡ ਵਿਚੋਂ 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 91802 (T)

ਮਿਤੀ 20-9-2025

ਉਤਾਰਾ: 1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 11-09-2025 (27 ਭਾਦੋ ਸੰਮਤ ਨਾਨਕਸ਼ਾਹੀ 557) ਦੇ ਮਤਾ ਨੰਬਰ 894 ਦੀ ਨਕਲ :-**

ਗ੍ਰਾਮ, ਪੰਚਾਇਤ ਪਿੰਡ ਮੰਡਿਆਲਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਹਲਕਾ ਸ਼ਾਮ ਚੁਰਾਸੀ ਦੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ 22 ਅਗਸਤ 2025 ਨੂੰ ਗੈਸ ਟੈਂਕਰ ਹਾਦਸੇ ਦੌਰਾਨ ਜਾਨੀ ਮਾਲੀ ਨੁਕਸਾਨ ਹੋਣ ਦਾ ਹਵਾਲਾ ਦਿੰਦਿਆਂ ਲਿਸਟ ਅਨੁਸਾਰ ਸਹਾਇਤਾ ਦੇਣ ਦੀ ਮੰਗ ਪੁੱਜੀ ਹੈ। ਦਾ ਮਾਮਲਾ, **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਹੇਠ ਲਿਖੇ ਅਨੁਸਾਰ ਜਖਮੀਆਂ ਅਤੇ ਮ੍ਰਿਤਕਾਂ ਦੇ ਵਾਰਿਸਾਂ ਨੂੰ ਧਰਮ ਅਰਥ ਫੰਡ ਵਿਚੋਂ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-**

| ਜਖਮੀਆਂ ਦੀ ਲਿਸਟ | | |
|---|---|---|
| ਸੀ:ਨੰ: | ਜਖਮੀ | ਰਕਮ |
| 1 | ਬਲਵੰਤ ਸਿੰਘ (ਸਪੁੱਤਰ ਸ੍ਰੀ ਆਦੇ ਰਾਮ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 2 | ਹਰਬੰਸ ਲਾਲ (ਸਪੁੱਤਰ ਸ੍ਰ. ਬਿਸ਼ੰਬਰ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 3 | ਅਮਰਜੀਤ ਕੌਰ (ਸੁਪਤਨੀ ਸ੍ਰ. ਗੁਰਮੁੱਖ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 4 | ਸੁਖਜੀਤ ਕੌਰ (ਸੁਪਤਨੀ ਸ੍ਰ. ਹਰਮੇਸ਼ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 5 | ਜੋਤੀ ਉਰਫ ਸੁਮਨ (ਸੁਪਤਨੀ ਸ੍ਰ. ਮਨਪ੍ਰੀਤ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 6 | ਸੁਰਜੀਤ ਸਿੰਘ (ਸਪੁੱਤਰ ਸ੍ਰ. ਗੁਰਨਾਮ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 7 | ਗੁਰਮੁੱਖ ਸਿੰਘ (ਸਪੁੱਤਰ ਸ੍ਰ. ਰਾਵਲ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 8 | ਹਰਪ੍ਰੀਤ ਕੌਰ (ਸਪੁੱਤਰੀ ਸ੍ਰ. ਗੁਰਮੁੱਖ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 9 | ਕੁਸਮਾ (ਸੁਪਤਨੀ ਸ੍ਰ. ਭਗਵਾਨ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 10 | ਭਗਵਾਨ ਸਿੰਘ (ਸਪੁੱਤਰ ਸ੍ਰੀ ਆਦੇ ਰਾਮ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 11 | ਲਾਲੀ ਵਰਮਾ (ਸਪੁੱਤਰ ਸ੍ਰ. ਭਵਿੰਦਰ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 12 | ਸੀਤਾ (ਸਪੁੱਤਰੀ ਸ੍ਰ. ਭਗਵਾਨ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 13 | ਅਜੇ (ਸਪੁੱਤਰ ਸ੍ਰ. ਭਗਵਾਨ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 14 | ਸੰਜੇ ਸ਼ਰਮਾਂ (ਸਪੁੱਤਰ ਸ੍ਰੀ ਰਾਹੁਲ ਸ਼ਰਮਾਂ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 15 | ਰਾਘਵ (ਸਪੁੱਤਰ ਸ੍ਰ. ਹਰਮੇਸ਼ ਸਿੰਘ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |
| 16 | ਪੂਜਾ ਸ਼ਰਮਾਂ (ਸੁਪਤਨੀ ਸ੍ਰੀ ਰਾਹੁਲ ਸ਼ਰਮਾਂ) | 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਕੇਵਲ |

| ਮ੍ਰਿਤਕਾਂ ਦੀ ਲਿਸਟ | | | |
|---|---|---|---|
| ਸੀ:ਨੰ: | ਮ੍ਰਿਤਕ | ਵਾਰਿਸ | ਰਕਮ |
| 1 | ਧਰਮਿੰਦਰ ਵਰਮਾ (ਸਪੁੱਤਰ ਸ੍ਰੀ ਗੋਬਿੰਦ ਦਾਸ) | ਫਿਲਹਾਲ ਪੈਡਿੰਗ | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |
| 2 | ਸੁਖਜੀਤ ਸਿੰਘ (ਸਪੁੱਤਰ ਸ੍ਰ. ਨਾਰੰਗ ਸਿੰਘ) | ਪਰਮਿੰਦਰ ਕੌਰ (ਸੁਪਤਨੀ ਸਵ: ਸ੍ਰ. ਸੁਖਜੀਤ ਸਿੰਘ) | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |
| 3 | ਬਲਵੰਤ ਰਾਏ (ਸਪੁੱਤਰ ਸ੍ਰੀ ਅੰਬਰਸਰੀਆ ਰਾਮ) | ਮਨਜੀਤ ਕੁਮਾਰ ਵਰਮਾਂ (ਸਪੁੱਤਰ ਸਵ:ਬਲਵੰਤ ਰਾਏ) | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |
| 4 | ਮਨਜੀਤ ਸਿੰਘ (ਸਪੁੱਤਰ ਸ੍ਰ.ਮੇਹਰ ਸਿੰਘ) | ਦਲਵੀਰ ਸਿੰਘ, ਮਨਪ੍ਰੀਤ ਕੌਰ (ਸਪੁੱਤਰ/ਸਪੁੱਤਰੀ ਸਵ:ਮਨਜੀਤ ਸਿੰਘ) | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |
| 5 | ਅਰਾਧਨਾ ਵਰਮਾ (ਸੁਪਤਨੀ ਸ੍ਰੀ ਧਰਮਿੰਦਰ ਵਰਮਾ) | ਫਿਲਹਾਲ ਪੈਡਿੰਗ | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |
| 6 | ਜਸਵਿੰਦਰ ਕੌਰ (ਸੁਪਤਨੀ ਸ੍ਰ. ਮਨਜੀਤ ਸਿੰਘ) | ਦਲਵੀਰ ਸਿੰਘ, ਮਨਪ੍ਰੀਤ ਕੌਰ (ਸਪੁੱਤਰ/ਸਪੁੱਤਰੀ ਸਵ:ਮਨਜੀਤ ਸਿੰਘ) | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |
| 7 | ਵਿਜੈ (ਸਪੁੱਤਰ ਸ੍ਰ. ਭਗਵਾਨ ਸਿੰਘ) | ਫਿਲਹਾਲ ਪੈਡਿੰਗ | 1,50,000/-ਅੱਖਰੀਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ |

---

**ਦਫਤਰ:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

***************************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 21883(T) ਮਿਤੀ26-09-2025

ਉਤਾਰਾ: 1. ਮੁੱਖ ਲੇਖਾਕਾਰ ਜੀ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।